# ਪ੍ਰਾਪਰਟੀ ਦੇ ਮਾਲਕ ਨੂੰ ਹੈਲੋ

ਕਿਰਪਾ ਕਰਕੇ ਇਸ ਪੰਨੇ ਦੇ ਪਿਛਲੇ ਪਾਸੇ ਆਪਣੇ ਸਾਲਾਨਾ ਪ੍ਰਾਪਰਟੀ ਮੁਲਾਂਕਣ ਦੀ ਸਮੀਖਿਆ ਕਰੋ। ਮੁਲਾਂਕਣ ਦੇ ਉਦੇਸ਼ਾਂ ਲਈ ਮੁਲਾਂਕਣ ਅਤੇ ਟੈਕਸ ਲਈ ਸਹੀ ਅਤੇ ਨਵੀਨਤਮ ਪ੍ਰਾਪਰਟੀ ਜਾਣਕਾਰੀ ਹੋਣੀ ਜ਼ਰੂਰੀ ਹੈ, ਅਤੇ ਵੱਖ-ਵੱਖ ਸਰੋਤਾਂ ਤੋਂ ਪ੍ਰਾਪਰਟੀ ਡਾਟਾ ਇਕੱਠਾ ਕਰਦਾ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਸਾਡੇ ਨਾਲ ਸੰਪਰਕ ਕਰੋ ਜੇਕਰ ਤੁਹਾਡੇ ਆਪਣੀ ਪ੍ਰਾਪਰਟੀ ਦੇ ਮੁਲਾਂਕਣ ਬਾਰੇ ਕੋਈ ਸਵਾਲ ਹਨ ਜਾਂ ਤੁਹਾਨੂੰ ਪ੍ਰਾਪਰਟੀ ਬਾਰੇ ਅਪਡੇਟ ਕੀਤੀ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੈ।

- ਤੁਹਾਡਾ 2023 ਪ੍ਰਾਪਰਟੀ ਮੁਲਾਂਕਣ, ਤੁਹਾਡੀ ਪ੍ਰਾਪਰਟੀ ਦਾ 1 ਜੁਲਾਈ, 2022 ਨੂੰ ਅਨੁਮਾਨਿਤ ਬਾਜ਼ਾਰ ਦਾ ਮੁੱਲ ਅਤੇ 31 ਦਸੰਬਰ, 2022 ਨੂੰ ਪ੍ਰਾਪਰਟੀ ਦੀਆਂ ਵਿਸ਼ੇਸ਼ਤਾਵਾਂ ਅਤੇ ਭੌਤਿਕ ਸਥਿਤੀ ਨੂੰ ਦਰਸਾਉਂਦਾ ਹੈ।
- ਮਹੱਤਵਪੂਰਣ ਹੈ ਕਿ ਤੁਸੀਂ ਤੁਹਾਡੀ ਜਾਣਕਾਰੀ ਨੂੰ ਮੌਜੂਦਾ ਰੱਖੋ, ਕਿਉਂਕਿ ਪ੍ਰਾਪਰਟੀ ਦੇ ਗਲਤ ਵੇਰਵਿਆਂ ਦੇ ਨਤੀਜੇ ਵਜੋਂ ਅਜਿਹੇ ਮੁਲਾਂਕਣ ਹੋ ਸਕਦੇ ਹਨ ਜੋ ਤੁਹਾਡੀ ਪ੍ਰਾਪਰਟੀ ਦੇ ਮੁੱਲ ਨੂੰ ਸਹੀ ਤਰ੍ਹਾਂ ਨਹੀਂ ਦਰਸਾਉਂਦੇ ਹਨ।
- ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਤੁਹਾਡੇ ਸਲਾਨਾ ਪ੍ਰਾਪਰਟੀ ਟੈਕਸ ਬਿੱਲ ਦੀ ਗਣਨਾ ਕਰਨ ਲਈ ਵਰਤਿਆ ਜਾਂਦਾ ਹੈ, ਜੋ ਬਸੰਤ ਵਿੱਚ ਭੇਜਿਆ ਜਾਂਦਾ ਹੈ।
- ਤੁਹਾਡੇ ਮੁਲਾਂਕਣ ਮੁੱਲ ਵਿੱਚ ਤਬਦੀਲੀ ਦਾ ਮਤਲਬ ਜ਼ਰੂਰੀ ਤੌਰ 'ਤੇ ਤੁਹਾਡੇ ਪ੍ਰਾਪਰਟੀ ਟੈਕਸਾਂ ਵਿੱਚ ਉਸੇ ਪੈਮਾਨੇ ਵਿੱਚ ਵਾਧਾ ਜਾਂ ਕਮੀ ਨਹੀਂ ਹੈ।
- **calgary.ca/assessment** 'ਤੇ ਪ੍ਰਾਪਰਟੀ ਟੈਕਸ ਕੈਲਕੁਲੇਟਰ ਤੁਹਾਡੇ 2023 ਪ੍ਰਾਪਰਟੀ ਟੈਕਸ ਦਾ ਅੰਦਾਜ਼ਾ ਲਗਾਉਣ ਅਤੇ ਇਹ ਪਤਾ ਲਗਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਉਪਲਬਧ ਹੈ ਕਿ ਤੁਹਾਡੇ ਟੈਕਸ ਡਾਲਰ ਕਿੱਥੇ ਜਾਂਦੇ ਹਨ।

ਪ੍ਰਾਪਰਟੀਆਂ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ ਇਸ ਬਾਰੇ ਜਾਣਨ ਲਈ, **calgary.ca/assessment** 'ਤੇ ਜਾਓ। ਅਸੀਂ ਤੁਹਾਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਮੁਲਾਂਕਣ ਨੋਟਿਸ ਪ੍ਰਾਪਤ ਕਰਨ, ਵਾਤਾਵਰਣ ਦੀ ਮਦਦ ਕਰਨ ਅਤੇ ਸਿਟੀ ਦੀਆਂ ਲਾਗਤਾਂ ਨੂੰ ਘੱਟ ਰੱਖਣ ਲਈ eNotice ਲਈ ਸਾਈਨ ਅੱਪ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

## ਕਿਰਪਾ ਕਰਕੇ ਆਪਣੀ ਪ੍ਰਾਪਰਟੀ ਬਾਰੇ ਸਾਡੇ ਕੋਲ ਮੌਜੂਦ ਵੇਰਵਿਆਂ ਦੀ ਦਰੁਸਤੀ ਦੀ ਸਮੀਖਿਆ ਕਰੋ

**Calgary.ca/assessment** 'ਤੇ ਜਾਓ ਅਤੇ **ਮੁਲਾਂਕਣ ਖੋਜ** ਤੇ ਲੌਗਇਨ ਕਰੋ:

- ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਮੁੱਲ ਨੂੰ ਨਿਰਧਾਰਤ ਕਰਨ ਲਈ ਵਰਤੇ ਗਏ ਪ੍ਰਾਪਰਟੀ ਵੇਰਵੇ **ਚੈੱਕ ਕਰੋ**।
- ਤੁਹਾਡੀ **ਰਿਹਾਇਸ਼ੀ** ਪ੍ਰਾਪਰਟੀ ਦੇ ਵੇਰਵੇ (ਗੈਰ-ਰਿਹਾਇਸ਼ੀ ਅੱਪਡੇਟ ਸਾਲ ਵਿੱਚ ਬਾਅਦ ਵਿੱਚ ਕੀਤੇ ਜਾ ਸਕਦੇ ਹਨ) **ਅਪਡੇਟ ਕਰੋ**।
- ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਤੁਹਾਡੇ ਖੇਤਰ ਦੀਆਂ ਹੋਰ ਸਮਾਨ ਪ੍ਰਾਪਰਟੀਆਂ ਨਾਲ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਮੁੱਲ ਦੀ **ਤੁਲਨਾ ਕਰੋ**।
- ਰੀਅਲ ਅਸਟੇਟ ਮਾਰਕੀਟ ਦੇ ਰੁਝਾਨਾਂ ਦੀ **ਸਮੀਖਿਆ ਕਰੋ** ਅਤੇ ਜਾਣੋ ਕਿ ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ।

ਮੁਲਾਂਕਣ ਖੋਜ ਲਈ ਨਵੇਂ ਹੋ? ਆਪਣਾ ਖਾਤਾ ਕਿਵੇਂ ਸੈੱਟ ਕਰਨਾ ਹੈ ਇਹ ਜਾਣਨ ਲਈ **calgary.ca/about-assessment-search** 'ਤੇ ਜਾਓ। ਜਾਂ, ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਕਿਵੇਂ ਤਿਆਰ ਕੀਤਾ ਗਿਆ ਸੀ, ਇਸ ਬਾਰੇ ਜਾਣਕਾਰੀ ਲਈ ਸਾਡੇ ਦਫ਼ਤਰ ਵਿੱਚ ਇੱਕ ਮੁਲਾਂਕਣ ਜਾਣਕਾਰੀ ਬੇਨਤੀ ਫਾਰਮ ਜਮ੍ਹਾਂ ਕਰੋ। **Calgary.ca/assessment** 'ਤੇ ਜਾਓ ਅਤੇ ਫਾਰਮ ਡਾਊਨਲੋਡ ਕਰਨ ਲਈ ਫਾਰਮ ਅਤੇ ਪ੍ਰਕਾਸ਼ਨਾਂ 'ਤੇ ਕਲਿੱਕ ਕਰੋ, ਜਾਂ ਮੁਲਾਂਕਣ ਨਾਲ ਸੰਪਰਕ ਕਰਕੇ ਇਸ ਲਈ ਬੇਨਤੀ ਕਰਨ ਲਈ। ਭਰੇ ਹੋਏ ਫਾਰਮ ਦੀ ਪ੍ਰਾਪਤੀ 'ਤੇ, ਅਸੀਂ 15 ਦਿਨਾਂ ਦੇ ਅੰਦਰ ਜਾਣਕਾਰੀ ਪ੍ਰਦਾਨ ਕਰਾਂਗੇ।

## ਗਾਹਕ ਸਮੀਖਿਆ ਅਵਧੀ ਦੇ ਦੌਰਾਨ ਸਾਡੇ ਨਾਲ ਆਪਣੇ ਮੁਲਾਂਕਣ ਬਾਰੇ ਚਰਚਾ ਕਰੋ

ਜੇ ਮੁਲਾਂਕਣ ਜਾਂ ਮੁਲਾਂਕਣ ਪ੍ਰਕਿਰਿਆ ਬਾਰੇ ਤੁਹਾਡੇ ਕੋਈ ਪ੍ਰਸ਼ਨ ਜਾਂ ਟਿੱਪਣੀਆਂ ਹਨ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ ਅਤੇ ਅਸੀਂ ਤੁਹਾਡੀ ਸਹਾਇਤਾ ਕਰਾਂਗੇ। ਗਾਹਕ ਸਮੀਖਿਆ ਅਵਧੀ ਉਹ ਸਮਾਂ ਹੁੰਦਾ ਹੈ ਜਦੋਂ ਅਸੀਂ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਦੀ ਸਮੀਖਿਆ ਕਰਨ ਲਈ ਤੁਹਾਡੇ ਨਾਲ ਕੰਮ ਕਰਨ ਅਤੇ ਤੁਹਾਡੀਆਂ ਕੋਈ ਵੀ ਚਿੰਤਾਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨ ਲਈ ਸਮਰਪਿਤ ਕਰਦੇ ਹਾਂ।

ਅਸੀਂ ਇਹ ਕਰਨ ਲਈ ਤੁਹਾਡੇ ਨਾਲ ਕੰਮ ਕਰਾਂਗੇ:

- ਤੁਹਾਡੀ ਪ੍ਰਾਪਰਟੀ ਦੇ ਵੇਰਵਿਆਂ ਦੀ ਸਮੀਖਿਆ ਕਰੋ ਅਤੇ ਪੁਸ਼ਟੀ ਕਰੋ।
- ਸਾਂਝਾ ਕਰੋ ਕਿ ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਕਿਵੇਂ ਨਿਰਧਾਰਤ ਕੀਤਾ ਗਿਆ ਸੀ।
- ਉਹਨਾਂ ਕਾਰਕਾਂ 'ਤੇ ਚਰਚਾ ਕਰੋ ਜਿਨ੍ਹਾਂ ਨੇ ਤੁਹਾਡੀ ਪ੍ਰਾਪਰਟੀ ਦੇ ਮੁੱਲ ਨੂੰ ਪ੍ਰਭਾਵਿਤ ਕੀਤਾ ਹੋ ਸਕਦਾ ਹੈ।

ਜੇ ਤੁਸੀਂ ਕਿਸੇ ਏਜੰਟ ਨੁਮਾਇੰਦੇ ਦੀ ਵਰਤੋਂ ਕਰ ਰਹੇ ਹੋ, ਤਾਂ ਤੁਹਾਨੂੰ ਏਜੰਟ ਨੂੰ ਤੁਹਾਡੀ ਤਰਫੋਂ ਕੰਮ ਕਰਨ ਲਈ ਅਧਿਕਾਰਤ ਕਰਨ (*ਅਸੈਸਮੈਂਟ ਸਰਚ* ਪੇਜ 'ਤੇ ਪਾਏ ਜਾਂਦੇ) ਦੀ ਜ਼ਰੂਰਤ ਹੋਏਗੀ।

## ਅਸੈਸਮੈਂਟ ਨੂੰ ਸੰਪਰਕ ਕਰੋ (ਮੁਫ਼ਤ ਸੇਵਾ)

ਔਨਲਾਈਨ: **calgary.ca/assessment**

ਫੋਨ: 403-268-2888

(ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ - ਸ਼ਾਮ 4:30 ਵਜੇ)

ਸੁਣਨ ਵਿੱਚ ਅਯੋਗ: 403-268-2888 ਦੀ ਬੇਨਤੀ ਕਰਨ ਲਈ 711 ਤੇ ਸੰਪਰਕ ਕਰੋ

**403-268-2888** ਤੇ ਅਪੌਇੰਟਮੈਂਟ ਬੁੱਕ ਕਰਨ ਲਈ ਫੋਨ ਕਰੋ

ਮੇਲ: The City of Calgary (#8002)
P.O. Box 2100, Stn. M
Calgary, AB T2P 2M5

## ਮੁਲਾਂਕਣ ਸਮੀਖਿਆ ਬੋਰਡ ਕੋਲ ਸ਼ਿਕਾਇਤ ਦਰਜ ਕਰੋ

ਜੇ ਅਸੀਂ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਬਾਰੇ ਸਰਵਸੰਮਤੀ ਨਹੀਂ ਦੇ ਪਾਂਦੇ ਹਾਂ ਤਾਂ ਤੁਸੀਂ ਮੁਲਾਂਕਣ ਸਮੀਖਿਆ ਬੋਰਡ (ਏ ਆਰ ਬੀ - ARB) ਕੋਲ ਸ਼ਿਕਾਇਤ ਦਰਜ ਕਰ ਸਕਦੇ ਹੋ। ਏ ਆਰ ਬੀ ਇੱਕ ਨਿਰਪੱਖ ਟ੍ਰਿਬਿਊਨਲ ਹੈ ਜੋ ਮੁਲਾਂਕਣ ਦੀਆਂ ਸ਼ਿਕਾਇਤਾਂ ਨੂੰ ਸੁਣਦਾ ਅਤੇ ਉਹਨਾਂ ਤੇ ਫੈਸਲਾ ਲੈਂਦਾ ਹੈ।

ਇਸ ਨੋਟਿਸ ਦੇ ਸਾਹਮਣੇ ਵਾਲੇ ਪਾਸੇ ਦਿੱਤੀ ਅੰਤਮ ਮਿਤੀ ਤੋਂ ਬਾਅਦ ਸ਼ਿਕਾਇਤ ਦਰਜ ਨਹੀਂ ਕਰਵਾਈ ਜਾ ਸਕਦੀ ਹੈ। ਇੱਕ ਜਾਇਜ਼ ਸ਼ਿਕਾਇਤ ਇਸ ਨੋਟਿਸ ਦੇ ਅਗਲੇ ਪਾਸੇ ਤੇ ਦਰਸਾਈ ਗਈ ਲੋੜੀਂਦੀ *ਫਾਈਲਿੰਗ ਫੀਸ* ਦੇ ਨਾਲ ਹੋਣੀ ਚਾਹੀਦੀ ਹੈ। ਸੁਣਵਾਈ ਤੋਂ ਪਹਿਲਾਂ, ਤੁਹਾਨੂੰ ਆਪਣੀ ਸਥਿਤੀ ਦਾ ਸਮਰਥਨ ਕਰਨ ਲਈ ਸਬੂਤ ਪੇਸ਼ ਕਰਨ ਦੀ ਲੋੜ ਹੋਵੇਗੀ।

ਤੁਸੀਂ ਔਨਲਾਈਨ ਸ਼ਿਕਾਇਤ ਦਰਜ ਕਰ ਸਕਦੇ ਹੋ ਜਾਂ ਸ਼ਿਕਾਇਤ ਫਾਰਮ ਦੀ ਕਾਗਜ਼ੀ ਕਾਪੀ ਲਈ ARB ਨਾਲ ਸੰਪਰਕ ਕਰ ਸਕਦੇ ਹੋ। ਕਿਰਪਾ ਕਰਕੇ ਨੋਟ ਕਰੋ ਕਿ ਜੇਕਰ ਤੁਸੀਂ ਆਪਣੀ ਤਰਫ਼ੋਂ ਕੰਮ ਕਰਨ ਲਈ ਕਿਸੇ ਏਜੰਟ ਨੂੰ ਨਿਯੁਕਤ ਕਰਦੇ ਹੋ, ਤਾਂ ਤੁਹਾਨੂੰ *calgaryarb.ca* ਵੈੱਬਸਾਈਟ 'ਤੇ ਸਥਿਤ **ਅਸੈਸਮੈਂਟ ਸ਼ਿਕਾਇਤ ਏਜੰਟ ਔਥਾਰਾਈਜ਼ੇਸ਼ਨ** ਫਾਰਮ ਨੂੰ ਭਰਨਾ ਜ਼ਰੂਰੀ ਹੈ।

## ਮੁਲਾਂਕਣ ਸਮੀਖਿਆ ਬੋਰਡ (Assessment Review Board) ਨਾਲ ਸੰਪਰਕ ਕਰੋ

ਔਨਲਾਈਨ: **calgaryarb.ca**

ਫੋਨ: 403-268-5858

ਇਨ-ਪਰਸਨ: Fourth floor, Deerfoot Junction 3 Building
1212 – 31st Ave. N.E.

ਮੇਲ: Assessment Review Board (#222)
P.O. Box 2100, Stn. M
Calgary, AB T2P 2M5

## ਮੇਰਾ ਮੇਲਿੰਗ ਪਤਾ ਬਦਲੋ

**ਔਨਲਾਈਨ:** calgary.ca/propertytax 'ਤੇ **ਨਿੱਜੀ ਜਾਣਕਾਰੀ ਅੱਪਡੇਟ ਫਾਰਮ** ਚੁਣੋ

**ਇਨ-ਪਰਸਨ:** Alberta Government Services Building
Second floor, 710 – 4th Ave. S.W.,
Calgary, AB

**Calgary.ca/schoolsupport** 'ਤੇ ਜਾਂ 311 ਤੇ ਕਾਲ ਕਰਕੇ **ਮੇਰੀ ਸਕੂਲ ਸਹਾਇਤਾ ਦਾ ਐਲਾਨ ਕਰੋ**।

**ਟੈਕਸ ਇੰਸਟਾਲਮੈਂਟ ਪੇਮੈਂਟ ਪਲੈਨ (ਟੀਆਈਪੀਪੀ)**

ਪ੍ਰਾਪਰਟੀ ਟੈਕਸ ਦਾ ਭੁਗਤਾਨ ਹਰ ਮਹੀਨੇ ਕਰੋ, ਜੂਨ ਵਿੱਚ ਇੱਕ ਅਦਾਇਗੀ ਕਰਨ ਦੀ ਬਜਾਏ। **calgary.ca/TIPP 'ਤੇ ਹੋਰ ਜਾਣੋ**

ਤੁਹਾਡੇ ਮੁਲਾਂਕਣ ਦੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ: ਮੁਲਾਂਕਣ ਕਰਵਾਉਣ ਵਾਲਾ ਵਿਅਕਤੀ ਇਸ ਬਾਰੇ ਲੋੜੀਂਦੀ ਜਾਣਕਾਰੀ ਨੂੰ ਵੇਖਣ ਜਾਂ ਪ੍ਰਾਪਤ ਕਰਨ ਦਾ ਹੱਕਦਾਰ ਹੈ ਕਿ ਉਨ੍ਹਾਂ ਦੀ ਪ੍ਰਾਪਰਟੀ ਦਾ ਮੁਲਾਂਕਣ *ਮਿਉਂਸਪਲ ਗੌਰਮਿੰਟ ਐਕਟ* ਦੀ ਧਾਰਾ 299 ਜਾਂ 299.1 (ਜਾਂ ਦੋਵੇਂ) ਦੇ ਅਨੁਸਾਰ ਕਿਵੇਂ ਤਿਆਰ ਕੀਤਾ ਗਿਆ ਸੀ। ਮੁਲਾਂਕਣ ਕਰਵਾਉਣ ਵਾਲਾ ਵਿਅਕਤੀ *ਮਿਉਂਸਪਲ ਗੌਰਮਿੰਟ ਐਕਟ* ਦੀ ਧਾਰਾ 300 ਜਾਂ 300.1 (ਜਾਂ ਦੋਵੇਂ) ਦੇ ਅਨੁਸਾਰ ਕਿਸੀ ਅਜਿਹੀ ਮੁਲਾਂਕਣ ਕੀਤੀ ਗਈ ਪ੍ਰਾਪਰਟੀ ਦੇ ਮੁਲਾਂਕਣ ਨੂੰ ਵੇਖਣ ਜਾਂ ਪ੍ਰਾਪਤ ਕਰਨ ਦਾ ਹੱਕਦਾਰ ਹੈ ਜਿਸਦਾ ਉਹ ਮਾਲਕ ਨਹੀਂ ਹੈ। ਕਿਰਪਾ ਕਰਕੇ ਇਸ ਨੋਟਿਸ ਤੇ ਉੱਪਰ ਦਿੱਤੀ ਜਾਣਕਾਰੀ ਦੀ ਸਮੀਖਿਆ ਕਰੋ ਕਿ ਜਾਣਕਾਰੀ ਨੂੰ ਕਿਵੇਂ ਵੇਖਣਾ ਹੈ ਅਤੇ/ਜਾਂ ਉਸ ਲਈ ਬੇਨਤੀ ਕਿਵੇਂ ਕਰਨੀ ਹੈ।

22-0022691 | ADV-16912